## ਗੁਰੂ ਨਾਨਕ – ਸਬਦ ੫

## ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥

## ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੧

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥
ਗਾਵੈ ਕੋ ਦਾਤਿ ਜਾਣੈ ਨੀਸਾਣੁ ॥
ਗਾਵੈ ਕੋ ਗੁਣ ਵਡਿਆਈਆ ਚਾਰ ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥
ਗਾਵੈ ਕੋ ਸਾਜਿ ਕਰੇ ਤਨੁ ਖੇਹ ॥
ਗਾਵੈ ਕੋ ਜੀਅ ਲੈ ਫਿਰਿ ਦੇਹ ॥
ਗਾਵੈ ਕੋ ਜਾਪੈ ਦਿਸੈ ਦੂਰਿ ॥
ਗਾਵੈ ਕੋ ਵੇਖੈ ਹਾਦਰਾ ਹਦੂਰਿ ॥
ਕਥਨਾ ਕਥੀ ਨ ਆਵੈ ਤੋਟਿ ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥
ਦੇਦਾ ਦੇ ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰਿ ਖਾਹੀ ਖਾਹਿ ॥
ਹੁਕਮੀ ਹੁਕਮੁ ਚਲਾਏ ਰਾਹੁ ॥
ਨਾਨਕ ਵਿਗਸੈ ਵੇਪਰਵਾਹੁ ॥੩॥

ਸਾਰ: ਕਈ ਆਪਣੇ ਮਨ ਦੀ ਅਵਸਥਾ ਅਨੁਸਾਰ ਸਰਵ ਵਿਆਪਕ ਚੇਤਨਾ ਦੇ ਵਿਭਿੰਨ ਪਹਿਲੂਆਂ ਬਾਰੇ ਆਪਣੀ ਸੂਝ ਨੂੰ ਵਿਅਕਤ ਕਰਦੇ ਹਨ, ਜੋ ਕਿਸੇ ਦੀ ਜਾਗਰੂਕਤਾ ਦੇ ਪੱਧਰ ਨਾਲ ਜੁੜੀ ਹੁੰਦੀ ਹੈ। ਉਨ੍ਹਾਂ ਦੀਆਂ ਧਾਰਨਾਵਾਂ ਜੀਵਨ ਦੇ ਵੱਖ-ਵੱਖ ਪੜਾਵਾਂ ਦੌਰਾਨ ਹੋਏ ਅਨੇਕ ਅਨੁਭਵਾਂ ਉਪਰ ਅਧਾਰਿਤ ਹੁੰਦੀਆਂ ਹਨ, ਜੋ ਕੁਦਰਤ ਦੇ ਨਿਯਮਾ ਦੁਆਰਾ ਨਿਯੰਤਰਿਤ ਹੁੰਦੀਆਂ ਹਨ।

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥

ਜੋ ਸਰਬ-ਵਿਆਪਕ ਚੇਤਨਾ ਦੀ ਤਾਕਤ ਉਪਰ ਭਰੋਸਾ ਰੱਖਦੇ ਹਨ, ਉਹ ਇਸ ਦਾ ਆਸਰਾ ਲੈਂਦੇ ਹਨ।

ਗਾਵੈ ਕੋ ਦਾਤਿ ਜਾਣੈ ਨੀਸਾਣੁ ॥

ਜੋ ਸਰਬ-ਵਿਆਪਕ ਚੇਤਨਾ ਵਿੱਚ ਵਿਸ਼ਵਾਸ ਰੱਖਦੇ ਹਨ, ਉਹ ਸ੍ਰਿਸ਼ਟੀ ਦੀਆਂ ਦਾਤਾਂ ਲਈ ਸ਼ੁਕਰਗੁਜ਼ਾਰ ਹੁੰਦੇ ਹਨ।

ਗਾਵੈ ਕੋ ਗੁਣ ਵਡਿਆਈਆ ਚਾਰ ॥

ਜਿਨ੍ਹਾਂ ਨੇ ਸਰਬ-ਵਿਆਪਕ ਚੇਤਨਾ ਦਾ ਅਨੁਭਵ ਕੀਤਾ ਹੈ, ਉਹ ਇਸ ਦੇ ਬੇਅੰਤ ਗੁਣਾਂ ਦਾ ਇਜ਼ਹਾਰ ਕਰਦੇ ਹਨ।

ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥

ਜਿਨ੍ਹਾਂ ਨੇ ਆਲੋਚਨਾਤਮਕ ਸੋਚ ਰਾਹੀਂ ਸਰਬ-ਵਿਆਪਕ ਚੇਤਨਾ ਦਾ ਗਿਆਨ ਪ੍ਰਾਪਤ ਕੀਤਾ ਹੈ, ਉਹ ਇਸ ਦੀ ਅਖੰਡ ਹਾਜ਼ਰ-ਨਾਜ਼ਰਤਾ ਦਾ ਇਜ਼ਹਾਰ ਕਰਦੇ ਹਨ।

ਗਾਵੈ ਕੋ ਸਾਜਿ ਕਰੇ ਤਨੁ ਖੇਹ ॥

ਜਿਹੜੇ ਸਰੀਰਕ ਹੋਂਦ ਦੀ ਨਾਜ਼ੁਕਤਾ ਨੂੰ ਪਛਾਣਦੇ ਹਨ ਉਹ ਸਰਵ ਵਿਆਪਕ ਚੇਤਨਾ ਦੇ ਸਿਰਜਣਹਾਰ ਅਤੇ ਵਿਨਾਸ਼ਕ ਰੂਪ ਦਾ ਇਜ਼ਹਾਰ ਕਰਦੇ ਹਨ।

ਗਾਵੈ ਕੋ ਜੀਅ ਲੈ ਫਿਰਿ ਦੇਹ ॥

ਜੋ ਸਰਬ-ਵਿਆਪਕ ਚੇਤਨਾ ਦੀ ਸਥਾਈਤਾ ਬਾਰੇ ਵਿਚਾਰਦੇ ਹਨ ਉਹ ਦੱਸਦੇ ਹਨ ਕਿ ਇਹ ਸ਼ਕਤੀ ਜੀਵਨ ਲੈਣ ਅਤੇ ਦੇਣ ਵਾਲੀ ਹੈ।

ਗਾਵੈ ਕੋ ਜਾਪੈ ਦਿਸੈ ਦੂਰਿ ॥

ਜਿਹੜੇ ਅਜੇ ਸਵੈ-ਚਿੰਤਨ ਦੇ ਰਾਹ ਨਹੀਂ ਤੁਰੇ ਉਨ੍ਹਾਂ ਨੂੰ ਸਰਬ-ਵਿਆਪਕ ਚੇਤਨਾ ਦੂਰ ਦਿਖਾਈ ਦਿੰਦੀ ਹੈ।

ਗਾਵੈ ਕੋ ਵੇਖੈ ਹਾਦਰਾ ਹਦੂਰਿ ॥

ਜਿਨ੍ਹਾਂ ਦਾ ਕੁਦਰਤ ਨਾਲ ਸੰਬੰਧ ਹੈ, ਉਹ ਸਰਬ-ਵਿਆਪਕ ਚੇਤਨਾ ਦੀ ਹੋਂਦ ਨੂੰ ਮਹਿਸੂਸ ਕਰਦੇ ਹਨ।

ਕਥਨਾ ਕਥੀ ਨ ਆਵੈ ਤੋਟਿ ॥

ਸਰਬ-ਵਿਆਪਕ ਚੇਤਨਾ ਦੇ ਵਰਣਨ ਅਤੇ ਕਥਾਵਾਂ ਬਾਰੇ ਕੋਈ ਘਾਟ ਨਹੀਂ ਹੈ।

ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥

ਅਣਗਿਣਤ, ਮਾਨਤਾਵਾਂ, ਦਰਸ਼ਨ ਅਤੇ ਉਨ੍ਹਾਂ ਦੇ ਵਰਣਨ ਕਰਨ ਵਾਲੇ ਹਨ।

ਦੇਦਾ ਦੇ ਲੈਦੇ ਥਕਿ ਪਾਹਿ ॥

ਦਾਤਾਂ ਦੇਣ ਵਾਲਾ ਬਖ਼ਸ਼ਿਸ਼ ਕਰਦਾ ਰਹਿੰਦਾ ਹੈ, ਅਤੇ ਸਾਧਕ ਪ੍ਰਾਪਤ ਕਰਦਿਆਂ ਥੱਕ ਜਾਂਦਾ ਹੈ।

ਜੁਗਾ ਜੁਗੰਤਰਿ ਖਾਹੀ ਖਾਹਿ ॥

ਚਿਰੰਕਾਲ ਲਈ, ਸਾਧਕ ਧਾਰਨਾਵਾਂ ਵਿੱਚ ਰੁਝੇ ਰਹਿੰਦੇ ਹਨ।

ਹੁਕਮੀ ਹੁਕਮੁ ਚਲਾਏ ਰਾਹੁ ॥

ਸਰਬ-ਵਿਆਪਕ ਚੇਤਨਾ ਜੀਵਨ ਸ਼ੈਲੀ ਦਾ ਅਭਿਆਸ ਕਰਨ ਵਾਲੇ ਮਾਰਗ ਵੱਲ ਅਗਵਾਈ ਕਰਦੀ ਹੈ।

ਨਾਨਕ ਵਿਗਸੈ ਵੇਪਰਵਾਹੁ ॥੩॥

ਨਾਨਕ ਆਖਦੇ ਹਨ ਕਿ ਉਹ ਬੇਪ੍ਰਵਾਹੀ ਦੀ ਆਤਮਿਕ ਅਵਸਥਾ ਵਿੱਚ ਖਿੜਦੇ ਹਨ। (੩)

ਤੱਤ: ਗੁਰੂ ਨਾਨਕ ਕਹਿੰਦੇ ਹਨ ਕਿ ਵਿਚਾਰਾਂ, ਅਨੁਭਵਾਂ ਅਤੇ ਸਥਿਤੀਆਂ 'ਤੇ ਨਿਰਭਰਤਾ ਦੀਆਂ ਹੱਦਾਂ ਤੋਂ ਪਰੇ ਜਦੋਂ ਕੋਈ ਵਿਅਕਤੀ ਸਰਬ-ਵਿਆਪਕ ਚੇਤਨਾ ਦੇ ਅਨੁਸਾਰ ਬਿਨਾਂ ਕਿਸੇ ਡਰ ਦੇ ਸੰਸਾਰਕ ਮਾਰਗ 'ਤੇ ਚੱਲਦਾ ਹੈ, ਤਾਂ ਜੀਵਨ ਦਾ ਸਫ਼ਰ ਸੁਹਾਵਨਾ ਬਣ ਜਾਂਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**